Dispatch No I/25944/2020

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

– ਜਿਲਾ ਮੈਜਿਸਟਰੇਟ ਫਰੀਦਕੋਟ ਵਲੋਂ ਲਾਕ ਡਾਊਨ/ਕਰਫਿਊ ਦੌਰਾਨ ਜਿਲੇ ਦੇ ਸ਼ਹਿਰੀ ਖੇਤਰਾਂ ਵਿੱਚ ਜਰੂਰੀ ਵਸਤਾਂ ਅਤੇ ਗੈਰ ਜਰੂਰੀ ਵਸਤਾਂ ਦੀਆਂ ਦੁਕਾਨਾਂ ਖੋਲਣ ਲਈ ਦਿਨ ਨਿਰਧਾਰਿਤ

– ਦੁਕਾਨਾਂ ਖੋਲਣ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਰਹੇਗਾ

– ਹੁਣ ਦੁਕਾਨਾਂ ਬਿਨਾਂ ਕਿਸੇ ਜੋਨ ਦੇ ਨਿਰਧਾਰਿਤ ਦਿਨਾਂ ਅਨੁਸਾਰ ਖੁੱਲਣਗੀਆਂ

– ਕੋਈ ਵੀ ਦੁਕਾਨ ਐਤਵਾਰ ਨਹੀਂ ਖੁੱਲੇਗੀ

– ਸਕੂਲ, ਕਾਲਜ, ਕੋਚਿੰਗ ਸੈਂਟਰ,ਆਈਲੈਟਸ ਸੈਂਟਰ ਖੋਲਣ ਦੀ ਮਨਾਹੀ ਹੋਵੇਗੀ

ਫਰੀਦਕੋਟ 19 ਮਈ,2020 ( )          ਭਾਰਤ ਸਰਕਾਰ ਵਲੋਂ ਕਵਿਡ –19 ਨੂੰ ਮਾਹਾਂਮਾਰੀ ਘੋਸ਼ਿਤ ਕੀਤਾ ਗਿਆ ਹੈ ਅਤੇ ਰਾਜ ਸਰਕਾਰ ਅਤੇ ਜਿਲ੍ਹਾ ਪ੍ਰਸ਼ਾਸਨ ਵਲੋਂ ਇਸ ਮਹਾਮਾਰੀ ਨੂੰ ਰੋਕਣ ਲਈ ਢੁਕਵੇਂ ਕਦਮ ਚੁੱਕੇ ਜਾ ਰਹੇ ਹਨ । ਇਸੇ ਲੜੀ ਤਹਿਤ ਇਸ ਦਫਤਰ ਵਲੋਂ ਮਿਤੀ 23.03.2020 ਰਾਹੀਂ ਜਿਲਾ ਫਰੀਦਕੋਟ ਦੀ ਹਦੂਦ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਸੀ ਜਦਕਿ ਭਾਰਤ ਸਰਕਾਰਦੇ ਆਦੇਸ਼ਾਂ ਅਨੁਸਾਰ ਰਾਜ ਵਿਚ ਲਾਕਡਾਊਨ 31-05-2020 ਤੱਕ ਵਧਾਇਆ ਗਿਆ ਹੈ।

ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਵਲੋਂ ਅਤੇ ਵਧੀਕ ਮੁੱਖ ਸਕੱਤਰ , ਪੰਜਾਬ ਸਰਕਾਰ , ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵਲੋਂ ਜਾਰੀ ਵੱਖ ਵੱਖ ਹਦਾਇਤਾਂ ਅਨੁਸਾਰ ਮਿਤੀ 17.05.2020 ਤੋਂ ਸਵੇਰੇ ( 07.00 ਤੋਂ ਸ਼ਾਮ 07.00 ਵਜੇ ਤੱਕ ਕਰਫਿਊ/ਲਾਕਡਾਊਨ ਤੋਂ ਛੋਟ ਦਿੱਤੀ ਗਈ ਹੈ ।

ਇਨ੍ਹਾਂ ਹਦਾਇਤਾਂ ਦੀ ਰੋਸ਼ਨੀ ਵਿੱਚ ਇਸ ਦਫਤਰ ਦੇ ਹੁਕਮ ਨੰ 439/ਸ ਮਿਤੀ 17.05.2020 , ਜੋ ਪਿ.ਅ.ਨੰ : 2798 / ਵਸ ਮਿਤੀ 17.05.2020 ਰਾਹੀਂ ਜਾਰੀ ਹੋਏ ਅਨੁਸਾਰ ਜਿਲ੍ਹਾ ਫਰੀਦਕੋਟ ਅੰਦਰ ਸ਼ਹਿਰੀ ਏਰੀਏ ਵਿੱਚ ਜ਼ੋਨ ਵਾਈਜ ਜਰੂਰੀ ਅਤੇ ਗੈਰ ਜਰੂਰੀ ਵਸਤਾਂ ਦੀਆਂ ਦੁਕਾਨਾਂ ਸਵੇਰੇ 07.00 ਵਜੇ ਤੋਂ ਸ਼ਾਮ 06 00 ਵਜੇ ਤੱਕ ਖੋਲਣ ਦਾ ਹੁਕਮ ਦਿੱਤਾ ਗਿਆ ਸੀ । ਇਨ੍ਹਾਂ ਹੁਕਮਾਂ ਤੋਂ ਮੁੜ ਵਿਚਾਰ ਕਰਨ ਉਪਰੰਤ ਹੁਣ ਜਿਲਾ ਫਰੀਦਕੋਟ ਦੇ ਸ਼ਹਿਰੀ ਏਰੀਏ ਅੰਦਰ ਪੈਂਦੀਆਂ ਜਰੂਰੀ ਵਸਤਾਂ ਅਤੇ ਗੈਰ ਜਰੂਰੀ ਵਸਤਾਂ ਦੀਆਂ ਦੁਕਾਨਾਂ ਬਿਨਾਂ ਕਿਸੇ ਜੋਨ ਦੇ ਮੱਦੇ ਨਜਰ ਹੇਠ ਲਿਖੇ ਅਨੁਸਾਰ ਦਿਨਾਂ ਅਤੇ ਸਮੇਂ ਮੁਤਾਬਕ ਖੋਲਣ ਦਾ ਹੁਕਮ ਦਿੱਤਾਂ ਜਾਂਦਾ ਹੈ ।

ਪੇਂਡੂ ਏਰੀਏ ਵਿੱਚ ਹਰ ਕਿਸਮ ਦੀਆਂ ਦੁਕਾਨਾਂ , ਜਿਨ੍ਹਾਂ ਨੂੰ ਭਾਰਤ ਸਰਕਾਰ / ਪੰਜਾਬ ਸਰਕਾਰ ਵਲੋਂ ਖੋਲਣ ਦੀ ਮਨਾਹੀ ਹੈ ਤੋਂ ਬਿਨ੍ਹਾਂ ਸਵੇਰੇ 07.00 ਵਜੇ ਤੋਂ ਸ਼ਾਮ 07.00 ਵਜੇ ਤੱਕ ਖੋਲਿਆ ਜਾਵੇਗਾ ।

ਕਿਸੇ ਵੀ ਕਿਸਮ ਦੀ ਕੋਈ ਦੁਕਾਨ ਐਤਵਾਰ ਨਹੀਂ ਖੋਲੀ ਜਾਵੇਗੀ ।

ਸਕੂਲ , ਕਾਲਜ , ਕੋਚਿੰਗ ਸੈਂਟਰ ਅਤੇ ਆਈਲੈਟਸ ਸੈਂਟਰ ਖੋਲਣ ਤੋਂ ਮਨਾਹੀ ਹੋਵੇਗੀ ।

ਹੇਠ ਲਿਖੀਆਂ ਸ੍ਰੇਣੀਆਂ ਦੀਆਂ ਦੁਕਾਨਾਂ ਸੋਮਵਾਰ ਤੋਂ ਸ਼ਨੀਵਾਰ ਸਵੇਰੇ 07 00 ਵਜੇ ਤੋਂ ਸ਼ਾਮ 07 ਵਜੇ ਤੱਕ ਖੋਲਣ ਦੀ ਇਜਾਜਤ ਹੈ।

1 . ਆਟਾ ਚੱਕੀ , ਰਾਸ਼ਨ , ਦੁੱਧ , ਡੇਅਰੀ , ਫਲ ਅਤੇ ਸਬਜੀਆਂ , ਦਵਾਈਆਂ ਦੀਆਂ ਦੁਕਾਨਾਂ ਆਦਿ , ਕਰਿਆਨਾ , ਮੀਟ ਅਤੇ ਪੋਲਟਰੀ ,ਹੋਮੀਓਪੈਥਿਕ , ਆਯੁਰਵੈਦਿਕ ਦਵਾਈਆਂ ਪੋਲਟਰੀ , ਜਾਨਵਰਾਂ ਦੀ ਖੁਰਾਕ , ਖਾਦ , ਬੀਜ ਅਤੇ ਖੇਤੀਬਾੜੀ ਦੇ ਸੰਦ ਆਦਿ ਕੋਈ ਹੋਰ ਜਰੂਰੀ ਸੇਵਾ ਜਿਸਨੂੰ ਪਹਿਲਾਂ ਤੋਂ ਛੋਟ ਦਿੱਤੀ ਗਈ ਹੋਵੇ ਬੇਕਰੀ ਦੀਆਂ ਦੁਕਾਨਾਂ , ਹੋਰ ਜਰੂਰੀ ਵਸਤਾਂ ਦੀਆਂ ਦੁਕਾਨਾਂ ,ਰੇਸਤਰਾਂ / ਫਾਸਟ ਫੂਡ / ਜੂਸ ਦੀਆਂ ਦੁਕਾਨਾਂ / ਆਈਸ ਕਰੀਮ ਪਾਰਲਰ ਕਨਫੈਕਸ਼ਨਰੀ ਦੀਆਂ ਦੁਕਾਨਾਂ ( ਕੇਵਲ ਹੋਮ ਡਲੀਵਰੀ ਲਈ ) (ਸੋਮਵਾਰ ਤੋਂ ਸ਼ਨੀਵਾਰ ਸਵੇਰੇ 07 00 ਵਜੇ ਤੋਂ ਸ਼ਾਮ 07 ਵਜੇ ਤੱਕ ਖੁੱਲਣਗੀਆਂ।

ਸੋਮਵਾਰ,ਬੁੱਧਵਾਰ,ਸ਼ੁੱਕਰਵਾਰ ਅਤੇ ਸ਼ਨੀਵਾਰ ਖੁੱਲਣ ਵਾਲੀਆਂ ਦੁਕਾਨਾਂ

ਪਲੰਬਰ ਅਤੇ ਇਲੈਕਟ੍ਰਿਸ਼ਨ, ਪੱਖੇ , ਕੂਲਰ , ਏ.ਸੀ. , ਰਿਪੇਅਰ ਆਦਿ ਸੇਵਾਵਾਂ ,ਬਿਜਲੀ ਅਤੇ ਸੈਨਟਰੀ ਦਾ ਸਮਾਨ , ਉਸਾਰੀ ਦਾ ਸਮਾਨ, ਵਹੀਕਲ ਰਿਪੇਅਰ , ਵਰਕਸ਼ਾਪ ਅਤੇ ਡੈਂਟਿੰਗ ਪੇਂਟਿੰਗ ਸਾਈਕਲ ਸਟੋਰ ਅਤੇ ਰਿਪੇਅਰ ਹਾਰਡਵੇਅਰ ਅਤੇ ਪੇਟ( ਰੰਗ ਰੋਗਨ ) ਇਨਵਰਟਰ ਬੈਟਰੀ , ਜਨਰੇਟਰ ਆਦਿ ਇਲੈਕਟ੍ਰੋਨਿਕਸ ਦੀਆਂ ਦੁਕਾਨਾਂ ਅਤੇ ਰਿਪੇਅਰ ਅਤੇ ਹੋਰ ਘਰੇਲੂ ਇਲੈਕਟ੍ਰੋਨਿਕ ਵਸਤਾਂ ਦੀਆਂ ਦੁਕਾਨਾਂ ਫੋਟੋ ਸਟੇਟ ਅਤੇ ਮੋਬਾਇਲ ਦੀਆਂ ਦੁਕਾਨਾਂ, ਕੰਪਿਊਟਰ ਦੀਆਂ ਦੁਕਾਨਾਂ, ਫੋਟੋਗ੍ਰਾਫਰ ,ਮੋਬਾਇਲ ਰਿਪੇਅਰ ਦੀਆਂ ਦੁਕਾਨਾਂ ਉਪਰੋਕਤ ਦਿਨਾਂ ਅਨੁਸਾਰ ਸਵੇਰੇ 07 ਵਜੇ ਤੋਂ ਸ਼ਾਮ 7 ਵਜੇ ਤੱਕ ਖੁੱਲਣਗੀਆਂ।

ਸੋਮਵਾਰ, ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਖੁੱਲਣ ਵਾਲੀਆਂ ਦੁਕਾਨਾਂ

ਆਟੋ ਮੋਬਾਇਲ ਸ਼ੋ ਰੂਮ ਅਤੇ ਆਟੋ ਮੋਬਾਇਲ ਰਿਪੇਅਰ ,ਗਿਫਟ ਆਈਟਮਜ ਅਤੇ ਸਪੋਰਟਸ ਦੀਆਂ ਦੁਕਾਨਾਂ ,ਖੇਡਾਂ ਦਾ ਸਮਾਨ ,ਬੈਗ ਤੇ ਸੂਟਕੇਸ ਦੀਆਂ ਦੁਕਾਨਾਂ, ਡ੍ਰਾਈ ਕਲੀਨਰ, ਜਵੈਲਰੀ ਸਾਪਸ਼,ਐਨਕਾਂ ਦੀਆਂ ਦੁਕਾਨਾਂ, ਪ੍ਰਿੰਟਿੰਗ ਪ੍ਰੈਸਾ, ਕਪੜੇ , ਜੁੱਤੇ ਅਤੇ ਪਹਿਰਾਵਾ , ਬੁਟੀਕ , ਕੰਮ ਕਾਰ ਸਮੇਤ , ਸਜਾਵਟ ਨਾਲ ਸਬੰਧਤ ਸਮਾਨ ,ਰੈਡੀਮੇਡ ਕੱਪੜੇ ਦੀਆਂ ਦੁਕਾਨਾਂ, ਭਾਂਡੇ , ਪਲਾਸਟਿਕ ਦਾ ਸਮਾਨ ਆਦਿ ਜਨਰਲ ਸਟਰਜ਼ ਕੋਈ ਹੋਰ ਦੁਕਾਨ ਜੋ ਉਪਰੋਕਤ ਵਿੱਚ ਨਹੀਂ ਦਰਸਾਈ ਗਈ ( ਜੋ ਕਿ ਭਾਰਤ ਸਰਕਾਰ / ਪੰਜਾਬ ਸਰਕਾਰ ਵਲੋਂ ਖੋਲਣ ਤੇ ਪਾਬੰਦੀਸ਼ੁਦਾ ਸ਼੍ਰੇਣੀ ਵਿੱਚ ਨਾ ਹੋਵੇ ) ਉਪਰੋਕਤ ਸਮੇਂ ਅਨੁਸਾਰ ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਖੁਲਣਗੀਆਂ।

ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਕੋਵਿਡ 19 ਮਾਹਾਂਮਾਰੀ ਤੋਂ ਬੱਚਣ ਲਈ ਲੋੜੀਂਦੇ ਸਾਰਥਿਕ ਕਦਮ ਆਮ ਜਨਤਾ ਦੇ ਸਹਿਯੋਗ ਨਾਲ ਹੀ ਚੁੱਕੇ ਜਾ ਸਕਦੇ ਹਨ । ਇਸ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਹਰ ਵਿਅਕਤੀ , ਦੁਕਾਨਦਾਰ , ਗਾਹਕ ਘੱਟੋ ਘੱਟ 02 ਮੀਟਰ ਸਮਾਜਿਕ ਦੂਰੀ ਬਣਾਕੇ ਰੱਖੇਗਾ । ਆਪਣਾ ਮੂੰਹ ਕੱਪੜੇ ਦੇ ਮਾਸਕ , ਸਧਾਰਨ ਕੱਪੜੇ ਨਾਲ ਜਾਂ ਮਾਸਕ ਨਾਲ ਢੱਕ ਕੇ ਰੱਖੇਗਾ ।

ਉਨ੍ਹਾਂ ਇਹ ਵੀ ਕਿਹਾ ਕਿ ਜਿਥੋਂ ਤੱਕ ਸੰਭਵ ਹੋਵੇ ਕੇਵਲ ਜਰੂਰੀ ਕੰਮਾਂ ਲਈ ਘੱਟੋ ਤੋਂ ਘੱਟ ਪਰਿਵਾਰਕ ਮੈਂਬਰ ਘਰ ਤੋਂ ਬਾਹਰ ਆਉਣ । ਉਨ੍ਹਾਂ ਹੁਕਮ ਦਿੱਤਾ ਕਿ ਚਾਰ ਪਹੀਆ ਅਤੇ ਦੋ ਪਹੀਆ ਵਾਹਨਾਂ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ । ਇਨ੍ਹਾਂ ਹੁਕਮਾਂ ਦੀ ਪਾਲਣਾ ਲਈ ਹਰੇਕ ਵਿਅਕਤੀ / ਦੁਕਾਨਦਾਰ ਅਤੇ ਗਾਹਕ ਨਿੱਜੀ ਤੌਰ ਤੇ ਖ਼ੁਦ ਜਿਮੇਵਾਰ ਹੋਵੇਗਾ । ਪ੍ਰੰਤੂ ਉਲਘੰਣਾ ਦੀ ਸੂਰਤ ਵਿੱਚ ਕੁਤਾਹੀਕਾਰ ਵਿਰੁੱਧ ਡਿਜਾਸਟਰ ਮੈਨੇਜਮੈਂਟ ਐਕਟ 2005 ਦੀਆਂ ਧਰਾਂਵਾਂ ਤਹਿਤ ਕਾਰਵਾਈ ਕੀਤੀ ਜਾਵੇਗੀ । ਇਹ ਹੁਕਮ ਲੋਕ ਹਿੱਤਾਂ ਵਿੱਚ ਤੁਰੰਤ ਅਸਰ ਨਾਲ ਲਾਗੂ ਹੋਣਗੇ ।

Disptach No. I/25961/2020

ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਵਿਧਾਇਕ ਸ: ਕੁਸ਼ਲਦੀਪ ਸਿੰਘ ਢਿੱਲੋਂ ਵੱਲੋਂ ਜਿਲ੍ਹਾ ਫਰੀਦਕੋਟ ਵਿੱਚ ਪਸ਼ੂਆਂ ਨੂੰ ਮੁਫਤ ਗਲਘੋਟੂ ਟੀਕਾਕਰਨ ਮੁਹਿਮ ਦਾ ਉਦਘਾਟਨ

ਪੰਜਾਬ ਸਰਕਾਰ ਵੱਲੋਂ ਪਸ਼ੂਆਂ ਨੂੰ ਗਲਘੋਟੂ ਦੇ ਟੀਕੇ ਮੁਫਤ ਲਗਾਏ ਜਾਦੇ ਹਨ-ਢਿੱਲੋਂ

ਟੀਕਾਕਰਨ ਲਈ ਜਿਲ੍ਹੇ ਵਿੱਚ 32 ਟੀਮਾਂ ਦਾ ਗਠਨ-ਡਾ. ਖੋਸਾ

ਫਰੀਦਕੋਟ 19 ਮਈ ( ) ਕੋਵਿਡ-19 ਮਹਾਂਮਾਰੀ ਦੌਰਾਨ ਪੰਜਾਬ ਦੇ ਪਸ਼ੂ ਪਾਲਕਾਂ ਨੂੰ ਰਾਹਤ ਦੇਣ ਹਿੱਤ ਪਸ਼ੂ ਪਾਲਣ ਮੰਤਰੀ ਸ: ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਯਤਨਾ ਸਦਕਾ ਪੰਜਾਬ ਸਰਕਾਰ ਵੱਲੋ ਪਸ਼ੂਆਂ ਵਿੱਚ ਲਗਾਏ ਜਾਦੇ ਗਲਘੋਟੂ, ਪੱਟ ਸੋਜ ਅਤੇ ਐਨਟੀਰੋਟਾਕਸੀਨੀਆ ਬਿਮਾਰੀਆਂ ਦੇ ਬਚਾਅ ਲਈ ਲਗਾਏ ਜਾਦੇ ਟੀਕੇ ਹੁਣ ਮੁਫਤ ਕਰ ਦਿੱਤੇ ਗਏ ਹਨ ਜਦੋ ਕਿ ਪਹਿਲਾਂ ਇਹ ਟੀਕਾ ਲਗਾਉਣ ਤੇ ਪਸ਼ੂ ਪਾਲਕ ਨੂੰ ਪੰਜ ਰੁਪਏ ਪ੍ਰਤੀ ਪਸ਼ੂ ਫੀਸ ਦੇਣੀ ਪੈਦੀ ਸੀ।ਜਿਲ੍ਹਾ ਫਰੀਦਕੋਟ ਵਿੱਚ ਪਸ਼ੂਆਂ ਨੂੰ ਗਲਘੋਟੂ ਟੀਕਾਕਰਨ ਮੁਹਿਮ ਦਾ ਉਦਘਾਟਨ ਸ: ਕੁਸ਼ਲਦੀਪ ਸਿੰਘ ਢਿਲੋ ਐਮ.ਐਲ.ਏ ਹਲਕਾ ਫਰੀਦਕੋਟ ਵੱਲੋ ਗੋਦੜੀ ਸਾਹਿਬ , ਫਰੀਦਕੋਟ ਵਿਖੇ ਕੀਤਾ ਗਿਆ।

ਇਸ ਮੌਕੇ ਸ: ਕੁਸ਼ਲਦੀਪ ਸਿੰਘ ਢਿਲੋ ਨੇ ਦੱਸਿਆ ਕਿ ਪੰਜਾਬ ਵਿੱਚ ਕੁੱਲ 70 ਲੱਖ ਪਸ਼ੂਆਂ ਨੂੰ ਇਹਨਾਂ ਬਿਮਾਰੀਆਂ ਤੋ ਬਚਾਅ ਲਈ ਟੀਕੇ ਲਗਾਏ ਜਾਦੇ ਹਨ ਅਤੇ ਮੁਫਤ ਟੀਕਾ ਕਰਨ ਦੀ ਰਾਹਤ ਦੇਣ ਨਾਲ ਪੰਜਾਬ ਦੇ ਪਸ਼ੂ ਪਾਲਕਾਂ ਨੂੰ ਲਗਭਗ 3.50 ਕਰੋੜ ਰੁਪਏ ਦਾ ਸਿਧਾ ਲਾਭ ਹੋਵੇਗਾ। ਉਹਨਾਂ ਨੇ ਇਸ ਉਚੇਚੇ ਕਦਮ ਲਈ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਅਤੇ ਪਸ਼ੂ ਪਾਲਣ ਮੰਤਰੀ ਸ: ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦਾ ਤਹਿ ਦਿਲੋ ਧੰਨਵਾਦ ਕੀਤਾ ਅਤੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਹ ਟੀਕਾ ਕਰਨ ਬਰਸਾਤਾਂ ਦਾ ਮੌਸਮ ਸੁਰੂ ਹੋਣ ਤੋ ਪਹਿਲਾਂ ਸੁਚੱਜੇ ਢੰਗ ਨਾਲ ਨੇਪਰੇ ਚਾੜਨ ਦੀ ਅਪੀਲ ਕੀਤੀ।

ਇਸ ਮੌਕੇ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਫਰੀਦਕੋਟ ਡਾ: ਭੁਪਿੰਦਰਪਾਲ ਸਿੰਘ ਖੋਸਾ ਨੇ ਦੱਸਿਆ ਕਿ ਇਹ ਟੀਕਾ ਕਰਨ ਯੋਜਨਾਬੱਧ ਤਰੀਕੇ ਨਾਲ ਨੇਪਰੇ ਚਾੜਨ ਹਿੱਤ ਜਿਲ੍ਹੇ ਵਿੱਚ 32 ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਇਹਨਾ ਟੀਮਾਂ ਵੱਲੋ ਪਸ਼ੂ ਪਾਲਕਾਂ ਦੇ ਘਰਾਂ ਵਿੱਚ ਜਾ ਕੇ ਮੁਫਤ ਟੀਕਾ ਕਰਨ ਕੀਤਾ ਜਾਵੇਗਾ।ਇਸ ਸਮੇ ਇਸ ਮੌਕੇ ਤੇ ਡਾ: ਜਸਵਿੰਦਰ ਕੁਮਾਰ ਗਰਗ, ਸੀਨੀਅਰ ਵੈਟਨਰੀ ਅਫਸਰ, ਫਰੀਦਕੋਟ, ਡਾ: ਹਰਿੰਦਰ ਸਿੰਘ ਭੁੱਲਰ, ਵੈਟਨਰੀ ਅਫਸਰ ,ਡਾ: ਕਿਰਨਦੀਪ ਸਿੰਘ, ਵੈਟਨਰੀ ਅਫਸਰ, ਡਾ: ਵਿਕਾਸ ਗੁਪਤਾ, ਵੈਟਨਰੀ ਅਫਸਰ ਅਤੇ ਸ੍ਰੀ ਰਾਜ ਕੁਮਾਰ, ਵੈਟਨਰੀ ਇੰਸਪੈਕਟਰ ਤੋ ਇਲਾਵਾ ਵਿਭਾਗ ਦੇ ਹੋਰ ਕਰਮਚਾਰੀ ਵੀ ਮੌਜੂਦ ਸਨ।

Dispatch No. I/25966/2020

## ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

## ਪੰਜਾਬ ਆਰਟ ਕੌਂਸਲ ਚੰਡੀਗੜ੍ਹ ਵਲੋਂ ਇਕਾਂਤਵਾਸ ਕੇਂਦਰਾਂ ਵਿਚ ਕਿਤਾਬਾਂ ਭੇਟ।

ਫਰੀਦਕੋਟ 19 ਮਈ ( ) ਏਕਾਂਤਵਾਸ ਦੌਰਾਨ ਇਕਾਂਤ ਵਿੱਚ ਰਹਿ ਰਹੇ ਲੋਕਾਂ ਦਾ ਧਿਆਨ ਉਸਾਰੂ ਗਤੀਵਿਧੀਆਂ ਵੱਲ ਲਗਾਉਣ ਅਤੇ ਇਸ ਸਮੇਂ ਉਨ੍ਹਾਂ ਨੂੰ ਆਪਣੇ ਅਮਰੀ ਵਿਰਸੇ ਅਤੇ ਸਾਹਿਤ ਨਾਲ ਜੋੜਨ ਦੇ ਮਕਸਦ ਨਾਲ ਪੰਜਾਬ ਆਰਟ ਕੌਂਸਲ ਚੰਡੀਗੜ੍ਹ ਵੱਲੋਂ ਚੇਅਰਮੈਨ ਡਾ. ਸੁਰਜੀਤ ਪਾਤਰ ਦੀ ਅਗਵਾਈ ਅਤੇ ਜਿਲ੍ਹਾ ਪੁਲੀਸ ਮੁੱਖੀ ਸ: ਮਨਜੀਤ ਸਿੰਘ ਢੇਸੀ ਦੀ ਪ੍ਰੇਰਨਾ ਸਦਕਾ ਜਿਲ੍ਹੇ ਦੇ ਏਕਾਂਤਵਾਸ ਕੇਂਦਰਾਂ ਵਿੱਚ ਲੋਕਾਂ ਨੂੰ ਸਾਹਿਤ ਦੀਆਂ ਕਿਤਾਬਾਂ ਮੁਫਤ ਮੁਹੱਈਆ ਕਰਵਾਈਆਂ ਗਈਆਂ। ਏਕਾਂਤਵਾਸ ਕੇਂਦਰ ਫਰੀਦਕੋਟ ਵਿਖੇ ਕਿਤਾਬਾਂ ਦੀ ਵੰਡ ਪ੍ਰਸਿੱਧ ਲੇਖਕ ਅਤੇ ਪੰਜਾਬ ਆਰਟ ਕੌਂਸਲ ਦੇ ਮੀਡੀਆ ਅਧਿਕਾਰੀ ਸ੍ਰੀ ਨਿੰਦਰ ਘੁਗਿਆਣਵੀ ਵੱਲੋਂ ਕੀਤੀ ਗਈ।

ਆਰਟ ਕੌਂਸਲ ਦੇ ਸਕੱਤਰ ਜਨਰਲ ਡਾ ਲਖਵਿੰਦਰ ਜੌਹਲ ਨੇ ਆਖਿਆ ਕਿ ਅਜਿਹੇ ਕੁਦਰਤੀ ਸੰਕਟ ਸਮੇਂ ਕਿਤਾਬਾਂ ਮਨੁੱਖ ਲਈ ਵੱਡਾ ਆਸਰਾ ਸਿਧ ਹੁੰਦੀਆਂ ਹਨ। ਇਸ ਮੌਕੇ ਡੀ.ਐਸ.ਪੀ. ਸ: ਜਸਬੀਰ ਸਿੰਘ, ਇਕਾਂਤਵਾਸ ਕੇਂਦਰਾਂ ਦੇ ਚੈਕਿੰਗ ਅਧਿਕਾਰੀ ਜਗਨਦੀਪ ਕੌਰ ਸਬ ਇੰਸਪੈਕਟਰ ਨੇ ਪੰਜਾਬ ਆਰਟ ਕੌਂਸਲ  ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ। ਇਨਾ ਪੁਸਤਕਾਂ ਵਿਚ ਨਾਨਕ ਸਿੰਘ ਦੇ ਨਾਵਲਾਂ ਤੋਂ ਇਲਾਵਾ ਕਵਿਤਾ, ਕਹਾਣੀ,ਗਜਲ ਤੇ ਵਾਰਤਕ ਦੇ ਉਘੇ ਲੇਖਕਾਂ ਦੀਆਂ ਕਿਤਾਬਾਂ ਵੀ ਸ਼ਾਮਿਲ ਸਨ। ਫਿਰੋਜ਼ਪੁਰ ਰੇਂਜ ਦੇ ਡੀ ਆਈ ਜੀ ਸ. ਹਰਦਿਆਲ ਸਿੰਘ ਮਾਨ ਨੇ ਸਾਹਿਤ ਦੀ ਸਮਾਜ ਵਿਚ ਅਹਿਮ ਭੂਮਿਕਾ  ਬਾਰੇ ਗੱਲ ਕਰਦਿਆਂ ਆਖਿਆ ਕਿ ਸਾਹਿਤ ਹੀ ਜੀਵਨ ਵਿਚ ਮਨੁੱਖ ਦੀ ਯੋਗ ਅਗਵਾਈ ਕਰਦਾ ਹੈ ਤੇ ਅਜਿਹੇ ਯਤਨ ਜਾਰੀ ਸ਼ਲਾਘਾਯੋਗ ਕਦਮ ਹਨ।

Dispatch No. I/26013/2020

ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਅਨੁਸੂਚਿਤ ਜਾਤੀਆਂ ਦੇ ਗਰੀਬ ਲੋਕਾਂ ਨੂੰ ਕੋਵਿਡ-19 ਦੀ ਮਹਾਂਮਾਰੀ ਤੋਂ ਉਭਰਨ ਲਈ 140.40 ਲੱਖ ਦੀ ਸਬਸਿਡੀ ਜਾਰੀ

ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੀ ਪਹਿਲ ਕਦਮੀ

ਜਿਲਾ ਮੈਨੇਜਰਾਂ ਨੂੰ ਸਬਸਿਡੀ ਸਬੰਧਤ ਲਾਭਪਾਤਰੀਆਂ ਦੇ ਖਾਤੇ ਵਿਚ ਪਾਉਣ ਦੇ ਨਿਰਦੇਸ਼ ਜਾਰੀ

ਲੌਕਡਾਊਨ ਕਾਰਨ ਫਸੀ ਕਰਜ਼ਿਆਂ ਦੀ ਰਹਿੰਦੀ ਰਕਮ 323.91 ਲੱਖ ਵੰਡਣ ਦੀ ਕਾਰਵਾਈ ਆਰੰਭ

ਫਰੀਦਕੋਟ,19 ਮਈ ( ) ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਤੇ ਕਾਰਵਾਈ ਕਰਦਿਆ ਅਨੁਸੂਚਿਤ ਜਾਤੀਆਂ ਦੇ ਗਰੀਬ ਪਰਿਵਾਰਾਂ ਨੂੰ ਆਪੋਂ ਆਪਣਾ ਰੁਜਗਾਰ ਸਥਾਪਤ ਕਰਨ ਲਈ ਬੈਂਕ ਟਾਈ ਅਪ ਸਕੀਮ ਤਹਿਤ 1404 ਲਾਭਪਾਤਰੀਆਂ ਨੂੰ ਆਪਣਾ ਰੁਜਗਾਰ ਸਥਾਪਤ ਕਰਨ ਲਈ 140.40 ਲੱਖ ਰੁ: ਦੀ ਸਬਸਿਡੀ ਜਾਰੀ ਕਰ ਦਿੱਤੀ ਗਈ ਹੈ ।ਇਹ ਜਾਣਕਾਰੀ ਕਾਰਪੋਰੇਸ਼ਨ ਦੇ ਚੇਅਰਮੈਨ, ਇੰਜ: ਮੋਹਨ ਲਾਲ ਸੂਦ ਨੇ ਦਿੱਤੀ।

ਉਨ੍ਹਾਂ ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਦਿੰਦੇ ਦੱਸਿਆ ਕਿ ਕਰੋਨਾ ਵਾਈਰਸ ਦੀ ਮਹਾਂਮਾਰੀ ਦੌਰਾਨ ਸਾਰੇ ਸੰਸਾਰ ਵਿਚ ਆਰਥਿਕ ਤੌਰ ਤੇ ਬਹੁਤ ਹੀ ਨਕਾਰਤਮਕ ਪ੍ਰਭਾਵ ਪਿਆ ਹੈ। ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੇ ਅਨੁਸੂਚਿਤ ਜਾਤੀਆਂ ਦੇ ਗਰੀਬ ਲੋਕਾਂ ਨੂੰ ਕੋਵਿਡ-19 ਦੀ ਮਹਾਂਮਾਰੀ ਤੋਂ ਉਭਾਰਨ ਲਈ 140.40 ਲੱਖ ਦੀ ਸਬਸਿਡੀ ਜਾਰੀ ਕੀਤੀ ਹੈ। ਜਿਸ ਕਾਰਨ ਬਹੁਤ ਸਾਰੇ ਲੋਕਾਂ ਦੇ ਰੁਜਗਾਰ ਖੁਸ ਗਏ ਹਨ ਅਤੇ ਗਰੀਬ ਪਰਿਵਾਰਾਂ ਦੀ ਰੋਜ਼ੀ ਰੋਟੀ ਤੇ ਬਹੁਤ ਬੁਰਾ ਪ੍ਰਭਾਵ ਪਿਆ ਹੈ। ਉਨ੍ਹਾਂ ਦੱਸਿਆ ਕਿ ਜਿਲਾ ਮੈਨੇਜਰਾਂ ਨੂੰ ਇਹ ਸਬਸਿਡੀ ਸਬੰਧਤ ਲਾਭਪਾਤਰੀਆਂ ਦੇ ਖਾਤੇ ਵਿਚ ਪਾਉਣ ਲਈ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ।ਇਨਾਂ ਲਾਭਪਾਤਰੀਆਂ ਨੂੰ ਆਉਣ ਵਾਲੇ ਕੁਝ ਦਿਨਾਂ ਵਿਚ ਆਪੋਂ ਆਪਣਾ ਬਿਜਨਸ ਸ਼ੁਰੂ ਕਰਨ ਲਈ ਲੱਗਭੱਗ ਅੱਠ ਤੋਂ ਨੌਂ ਕਰੋੜ ਰੁਪਏ ਦਾ ਕਰਜਾ ਬੈਂਕਾਂ ਦੁਆਰਾ ਪ੍ਰਾਪਤ ਹੋ ਜਾਵੇਗਾ। ਸ੍ਰੀ ਸੂਦ ਨੇ ਕਾਰਪੋਰੇਸ਼ਨ ਦੀ ਇਸ ਪਹਿਲ ਕਦਮੀ ਮਹਾਮਾਰੀ ਦੇ ਇਸ ਭਿਆਨਕ ਸਮੇਂ ਵਿੱਚ ਇੱਕ ਬਹੁਤ ਵੱਡੀ ਰਾਹਤ ਦੇਣ ਵਾਲੀ ਕਾਰਵਾਈ ਦੱਸਿਆ ਹੈ।

ਇੰਜ: ਮੋਹਨ ਲਾਲ ਸੂਦ ਨੇ ਇਹ ਵੀ ਦੱਸਿਆ ਕਿ ਇਸ ਤੋਂ ਇਲਾਵਾ ਕਾਰਪੋਰੇਸਨ ਵਲੋਂ ਆਪਣੀਆਂ ਹੋਰ ਸਕੀਮਾਂ ਅਧੀਨ ਵੀ ਸਾਲ 2019-20 ਦੌਰਾਨ 1235.24 ਲੱਖ ਰੁਪਏ ਦੇ ਕਰਜੇ ਮਨਜੂਰ ਕੀਤੇ ਗਏ ਸਨ ਜਿਨਾਂ ਵਿਚੋਂ 911.33 ਲੱਖ ਰੁਪਏ ਦੇ ਕਰਜੇ ਸਬੰਧਤ ਲਾਭਪਾਤਰੀਆਂ ਨੂੰ ਵੰਡੇ ਜਾ ਚੁੱਕੇ ਸਨ ।ਉਨ੍ਹਾਂ ਕਿਹਾ ਕਿ ਮਾਰਚ ਮਹੀਨੇ ਵਿੱਚ ਕਰੋਨਾ ਵਾਈਰਸ ਦੇ ਕਾਰਨ ਲੱਗੇ ਲੌਕਡਾਊਨ ਤੇ ਕਰਫ਼ਿਊ ਕਾਰਨ ਜਿਹੜੇ ਕਰਜ਼ੇ ਵੰਡਣ ਤੋਂ ਰਹਿ ਗਏ ਸਨ ਹੁਣ ਜਲਦੀ ਵੰਡੇ ਜਾਣਗੇ । ਉਨ੍ਹਾ ਕਿਹਾ ਕਿ ਕਾਰਪੋਰੇਸਨ ਵਲੋਂ ਜਲਦੀ ਹੀ ਬਾਕੀ ਰਹਿੰਦੇ 323.91 ਲੱਖ ਰੁਪਏ ਦੇ ਕਰਜ਼ਿਆਂ ਦੀ ਅਦਾਇਗੀ ਕਰਨ ਦੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਚੇਅਰਮੈਨ ਵਲੋਂ ਕਾਰਪੋਰੇਸਨ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਵਲੋਂ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਦੀ ਭਾਵਨਾ ਦੀ ਵੀ ਸਰਾਹਨਾ ਕੀਤੀ ਗਈ ਜਿਸ ਕਾਰਨ ਕਰੋਨਾ ਦੀ ਮਹਾਂਮਾਰੀ ਦੇ ਦੌਰਾਨ ਵੀ ਕਾਰਪੋਰੇਸਨ ਦੇ ਸਮੁੱਚੇ ਸਟਾਫ ਵਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬੀਮਾਰੀ ਤੋਂ ਇਹਤਿਆਤ ਵਰਤਦੇ ਹੋਏ ਔਖੇ ਸਮੇਂ ਵਿਚ ਵੀ ਕਰੋਨਾ ਯੋਧਿਆਂ ਵਾਂਗ ਕੰਮ ਕੀਤਾ ਤੇ ਆਪਣੀ ਇੱਕ ਦਿਨ ਦੀ ਤਨਖਾਹ ਵੀ ਮੁੱਖ ਮੰਤਰੀ ਫੰਡ ਵਿੱਚ ਪਾਈ।

Dispatch No. I/26019/2020

ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਫਰੀਦਕੋਟ ਜ਼ਿਲੇ ਦੀਆਂ ਪ੍ਰਾਪਤ 200 ਰਿਪੋਰਟਾਂ ਨੈਗਟਿਵ

71 ਦੀ ਰਿਪੋਰਟ ਆਉਣੀ ਬਾਕੀ

ਫਰੀਦਕੋਟ ਜ਼ਿਲੇ 'ਚ ਐਕਟਿਵ ਕੇਸ 17

ਫਰੀਦਕੋਟ 19 ਮਈ ( ) ਸਿਵਲ ਸਰਜਨ ਡਾ.ਰਜਿੰਦਰ ਕੁਮਾਰ ਨੇ ਦੱਸਿਆ ਕਿ ਕੋਵਿਡ-19 ਦੀਆਂ ਅੱਜ ਤੱਕ 3634 ਸੈਂਪਲ ਲੈਬ ਵਿੱਚ ਭੇਜੇ ਜਾ ਚੁੱਕੇ ਹਨ।ਜਿੰਨਾਂ ਵਿੱਚੋਂ 71 ਸੈਂਪਲਾਂ ਦੇ ਨਤੀਜੇ ਆਉਣੇ ਬਾਕੀ ਹਨ।ਪ੍ਰਾਪਤ ਨਤੀਜਿਆਂ ਵਿੱਚ 3426 ਰਿਪੋਰਟਾਂ ਨੈਗੇਟਿਵ ਆਈਆਂ ਹਨ।ਹੁਣ ਫਰੀਦਕੋਟ ਦੇ 17 ਐਕਟਿਵ ਕੇਸ ਹਨ ਜੋ ਜੇਰੇ ਇਲਾਜ ਹਨ।16 ਮਰੀਜ਼ ਸਥਾਨਕ ਗੁਰੁ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿਖੇ ਆਈਸੋਲੇਸ਼ਨ ਵਾਰਡ ਵਿੱਚ ਦਾਖਲ ਹਨ ਜਦ ਕਿ 1 ਮਰੀਜ਼ ਲੁਧਿਆਣਾ ਦੇ ਡੀ.ਐਮ.ਸੀ ਹਸਪਤਾਲ ਵਿਖੇ ਇਲਾਜ ਅਧੀਨ ਹੈ।ਉਨਾਂ ਕਿਹਾ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਟੀਮਾਂ ਤਨਦੇਹੀ ਨਾਲ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਹੀਆਂ ਹਨ।ਵਿਭਾਗ ਵੱਲੋਂ ਜ਼ਿਲੇ ਦੀਆਂ ਵੱਖ-ਵੱਖ ਸਿਹਤ ਸੰਸਥਾਵਾ ਵਿਖੇ ਸਥਾਪਿਤ ਫਲੂ ਕਾਰਨਰ ਵਿਖੇ ਸੈਂਪਲ ਇਕੱਤਰ ਕਰ ਲੈਬ ਨੂੰ ਜਾਂਚ ਲਈ ਭੇਜੇ ਜਾ ਰਹੇ ਹਨ।

ਡਿਪਟੀ ਕਮਿਸ਼ਨਰ ਫਰੀਦਕੋਟ ਕੁਮਾਰ ਸੌਰਭ ਰਾਜ ਆਈ.ਏ.ਐਸ ਦੀ ਯੋਗ ਅਗਵਾਈ ਹੇਠ ਸਥਾਪਿਤ 30 ਇਕਾਂਤਵਾਸ ਸੈਂਟਰਾਂ ਦੇ ਵਿੱਚ ਰਹਿ ਰਹੇ 1600 ਦੇ ਕਰੀਬ ਵਿਅਕਤੀਆਂ ਨੂੰ ਘਰ ਵਾਪਸ ਇਕਾਂਤਵਾਸ ਭੇਜ ਦਿੱਤਾ ਗਿਆ ਹੈ।ਹੁਣ ਸਿਰਫ 2 ਇਕਾਂਤਵਾਸ ਸੈਂਟਰਾਂ ਦੇ 21 ਵਿਅਕਤੀ ਹੀ ਰਹਿ ਗਏ ਹਨ ਜਿੰਨਾਂ ਨੂੰ ਜਲਦੀ ਹੀ ਘਰ ਭੇਜ ਦਿੱਤਾ ਜਾਵੇਗਾ। ਕੋਵਿਡ-19 ਦੇ ਜ਼ਿਲਾ ਨੋਡਲ ਅਫਸਰ ਡਾ.ਮਨਜੀਤ ਕ੍ਰਿਸ਼ਨ ਭੱਲਾ ਨੇ ਕਿਹਾ ਕਿ ਜਿਹੜੇ ਵਿਅਕਤੀ ਇਕਾਂਤਵਾਸ ਸੈਂਟਰਾਂ ਤੋਂ ਘਰ ਭੇਜੇ ਜਾ ਰਹੇ ਹਨ ਉਨਾਂ ਦੇ ਮੋਬਾਇਲ ਤੇ ਕੋਵਾ ਐਪ ਡਾਊਨਲੋਡ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਘਰ ਇਕਾਂਤਵਾਸ ਦੌਰਾਨ ਉਹ ਵਿਅਕਤੀ ਆਪਣਾ ਰੋਜਾਨਾਂ ਸਿਹਤ ਸਬੰਧੀ ਹਾਲ-ਚਾਲ ਐਪ ਤੇ ਭੇਜ ਸਕਣ।ਉਨਾਂ ਕੋਰੋਨਾ ਤੋਂ ਬਚਾਅ ਸਬੰਧੀ ਸਰਕਾਰ ਦੁਆਰਾ ਜਾਰੀ ਅਡਵਾਇਜ਼ਰੀਆਂ ਭੇਜਣ ਲਈ ਮਾਸ ਮੀਡੀਆ ਇੰਚਾਰਜ ਡਾ. ਪ੍ਰਭਦੀਪ ਸਿੰਘ ਚਾਵਲਾ ਨੂੰ ਫੀਲਡ ਸਟਾਫ ਅਤੇ ਪੰਚਾਇਤਾਂ ਨਾਲ ਤਾਲਮੇਲ ਬਨਾਉਣ ਦੀ ਹਦਾਇਤ ਕੀਤੀ।ਉਨਾਂ ਵਿਭਾਗ ਦੇ ਮੈਡੀਕਲ,ਪੈਰਾ-ਮੈਡੀਕਲ,ਰੂਰਲ ਮੈਡੀਕਲ ਅਫਸਰ ਅਤੇ ਫਾਰਮਾਸਿਸਟਾਂ ਨੂੰ ਹੋਂਸਲਾਂ ਦਿੰਦਿਆਂ ਆਪਣੀ ਸੁਰੱਖਿਆ ਦਾ ਵੀ ਧਿਆਨ ਰੱਖਣ ਲਈ ਪ੍ਰੇਰਿਤ ਕੀਤਾ।